| | |
|---|---|
| 16 | ਬੀ.ਐੱਡ. |
| 17 | ਐਮ.ਐੱਡ. |
| 18 | ਐਮ.ਫਿਲ. |
| 19 | ਨੈੱਟ |
| 20 | ਪੀ-ਐਚ.ਡੀ. ਜਿਸ ਯੂਨੀਵਰਸਿਟੀ ਤੋਂ ਕੀਤੀ ਹੈ ਉਸ ਦਾ ਨਾਮ |
| 21 | ਪੀ-ਐਚ.ਡੀ. Compliance Certificate 11.7.2009 ਤੋਂ ਪਹਿਲਾਂ ਵਾਲੇ ਸਾਰੇ ਉਮੀਦਵਾਰਾਂ ਲਈ ਜ਼ਰੂਰੀ ਹੈ। |
| 22 | ਜੇਕਰ ਪਹਿਲਾਂ ਪ੍ਰਵਾਨਿਤ ਪ੍ਰਿੰਸੀਪਲ/ਅਸਿਸਟੈਂਟ ਪ੍ਰੋਫੈਸਰ/ਐਸੋਸ਼ੀਏਟ ਪ੍ਰੋਫੈਸਰ/ਪ੍ਰੋਫੈਸਰ ਹੈ, ਤਾਂ ਉਸਦਾ ਸਰਟੀਫਿਕੇਟ ਨੱਥੀ ਕੀਤਾ ਜਾਵੇ। |
| 23 | ਤਜ਼ਰਬਾ (ਇਕ ਪੰਨੇ ਤੇ ਸਾਲ-ਵਾਈਜ਼ ਵੇਰਵੇ ਸਹਿਤ) |
| 24 | ਇੰਟਰਵਿਊ ਤੇ ਬੁਲਾਏ ਗਏ ਉਮੀਦਵਾਰਾਂ ਦੀ ਮੁਕੰਮਲ ਵਿਸਥਾਰ ਸਹਿਤ ਸੂਚੀ/Synopsis |
| 25 | ਚੁਣੇ ਗਏ ਉਮੀਦਵਾਰ ਨੂੰ ਜਿਸ ਕਾਲਜ ਤੋਂ ਪਹਿਲਾਂ ਨਿਯੁਕਤੀ ਦੀ ਪ੍ਰਵਾਨਗੀ ਮਿਲੀ ਹੋਈ ਹੈ, ਉਸ ਕਾਲਜ ਤੋਂ ਜਾਰੀ "ਕੋਈ ਇਤਰਾਜ਼ ਨਹੀਂ ਸਰਟੀਫਿਕੇਟ" ਦੀ ਕਾਪੀ |
| 26 | ਕੀ ਮੈਰਿਟ ਅਨੁਸਾਰ ਚੁਣੇ ਗਏ ਉਮੀਦਵਾਰ ਨੇ ਜੁਆਇਨ ਕਰਨ ਤੋਂ ਲਿਖਤੀ ਰੂਪ ਵਿਚ ਇਨਕਾਰ ਕੀਤਾ ਹੈ ਤਾਂ ਵੇਟਿੰਗ ਲਿਸਟ ਵਿਚ ਰੱਖੇ ਗਏ ਉਮੀਦਵਾਰ ਨੂੰ ਨਿਯੁਕਤ ਕੀਤਾ ਗਿਆ ਹੈ? |

ਜੇਕਰ ਸਬੰਧਤ ਕਾਲਜ ਵੱਲੋਂ 2 ਮਹੀਨੇ ਦੀ ਹਾਜਰੀ ਉਪਰੰਤ ਅਗਲੇ 2 ਮਹੀਨਿਆਂ ਦੇ ਅੰਦਰ ਲੋੜੀਂਦੀ ਅਪਰੂਵਲ ਪ੍ਰਾਪਤ ਨਹੀਂ ਕੀਤੀ ਜਾਂਦੀ ਤਾਂ ਅਜਿਹੇ ਅਪਰੂਵਲ ਕੇਸਾਂ ਸਬੰਧੀ ਹੇਠ ਲਿਖੇ ਸਡਿਊਲ ਅਨੁਸਾਰ ਲੇਟ ਫੀਸ/ਜੁਰਮਾਨਾ ਜਮ੍ਹਾਂ ਕਰਵਾਉਣ ਉਪਰੰਤ ਹੀ ਕਾਰਵਾਈ ਕੀਤੀ ਜਾਵੇਗੀ।

(1) ਚੁਣੇ ਗਏ ਉਮੀਦਵਾਰ ਦੀ ਹਾਜਰ ਹੋਣ ਦੀ ਮਿਤੀ ਤੋਂ 4 ਮਹੀਨੇ ਤੋਂ ਬਾਅਦ (ਅਗਲੇ 1 ਮਹੀਨੇ ਤੱਕ) — 1000/- ਰੁਪਏ ਲੇਟ ਫੀਸ ਸਮੇਤ।

(2) ਚੁਣੇ ਗਏ ਉਮੀਦਵਾਰ ਦੀ ਹਾਜਰ ਹੋਣ ਦੀ ਮਿਤੀ ਤੋਂ 5 ਮਹੀਨਿਆਂ ਤੋਂ ਬਾਅਦ (ਅਗਲੇ 1 ਮਹੀਨੇ ਤੱਕ) — 3000/- ਰੁਪਏ ਲੇਟ ਫੀਸ ਸਮੇਤ।

(3) ਚੁਣੇ ਗਏ ਉਮੀਦਵਾਰ ਦੀ ਹਾਜਰ ਹੋਣ ਦੀ ਮਿਤੀ ਤੋਂ 6 ਮਹੀਨੇ ਬਾਅਦ — 5000/- ਰੁਪਏ ਫੀਸ ਸਮੇਤ।

3. ਸਬੰਧਤ ਕਾਲਜਾਂ ਨੂੰ ਇਹ ਵੀ ਸੂਚਿਤ ਕੀਤਾ ਜਾਂਦਾ ਹੈ ਕਿ ਜੇਕਰ ਕਿਸੇ ਕਾਲਜ ਵਿਖੇ ਮਿਤੀ 30.9.2021 ਤੋਂ ਪਹਿਲਾਂ ਸਿਲੈਕਸ਼ਨ ਕਮੇਟੀ ਰਾਹੀਂ ਚੁਣੇ ਗਏ ਉਮੀਦਵਾਰ ਜੋ ਮੌਜੂਦਾ ਸਮੇਂ ਕਾਲਜ ਵਿੱਚ ਕੰਮ ਕਰ ਰਹੇ ਹਨ ਅਤੇ ਕਾਲਜ ਉਨ੍ਹਾਂ ਉਮੀਦਵਾਰਾਂ ਦੀ ਅਪਰੂਵਲ ਲੈਣਾ ਚਾਹੁੰਦੇ ਹਨ ਤਾਂ ਅਜਿਹੇ ਕੇਸਾਂ ਸਬੰਧੀ ਸਾਰੇ ਲੋੜੀਂਦੇ ਦਸਤਾਵੇਜ ਮੌਜੂਦਾ 2 ਮਹੀਨੇ ਦੀ ਹਾਜਰੀ ਸਮੇਤ 10,000/- ਪ੍ਰਤੀ ਉਮੀਦਵਾਰ ਪ੍ਰਤੀ ਸਾਲ ਕਾਲਜ ਵੱਲੋਂ ਇਹ ਰਾਸ਼ੀ ਜਮ੍ਹਾਂ ਕਰਵਾਉਣ ਉਪਰੰਤ ਅਪਰੂਵਲ ਦੇਣ ਸਬੰਧੀ ਕਾਰਵਾਈ ਕੀਤੀ ਜਾਵੇਗੀ।

ਨੋਟ:- ਰਾਸ਼ੀ ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਅਕਾਊਂਟ (65257458501 **IFSC, Code SBIN0050009**) ਵਿੱਚ ਆਰ.ਟੀ.ਜੀ.ਐਸ. ਰਾਹੀਂ ਜਮ੍ਹਾਂ ਕਰਵਾਉਣੀ ਲਾਜ਼ਮੀ ਹੋਵੇਗੀ ਅਤੇ ਜਮ੍ਹਾਂ ਹੋਈ ਫੀਸ ਯੂਨੀਵਰਸਿਟੀ ਨਿਗਰਾਨ ਲੇਖਾ-2 ਬ੍ਰਾਂਚ ਤੋਂ ਤਸਦੀਕ ਕਰਵਾਉਣ ਉਪਰੰਤ ਰਸੀਦ ਅਪਰੂਵਲ ਕੇਸਾਂ ਨਾਲ ਲਗਾਉਣੀ ਲਾਜਮੀ ਹੋਵੇਗੀ।

ਹਰਪ੍ਰੀਤ ਸਿੰਘ 26/4/22

ਡੀਨ, ਕਾਲਜ ਵਿਕਾਸ ਕੌਂਸਲ

Scanned with CamScanner

ਪੰਜਾਬੀ ਯੂਨੀਵਰਸਿਟੀ, ਪਟਿਆਲਾ
(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਤ)
(ਕਾਲਜ ਸੈਕਸ਼ਨ)

ਈ-ਮੇਲ ਰਾਹੀਂ

ਨੰ...1458...ਕਾਲਜਾਂ/ਸ-2
ਮਿਤੀ...26-04-2022

ਯੂਨੀਵਰਸਿਟੀ ਨਾਲ ਸਬੰਧਤ ਸਮੂਹ ਕਾਲਜਾਂ ਦੇ,
ਪ੍ਰਿੰਸੀਪਲ ਸਾਹਿਬਾਨਾਂ ਨੂੰ।

ਵਿਸ਼ਾ:- ਸਬੰਧਤ ਕਾਲਜਾਂ ਦੇ ਅਸਿਸਟੈਂਟ ਪ੍ਰੋਫੈਸਰ, ਐਸੋਸੀਏਟ ਪ੍ਰੋਫੈਸਰ, ਪ੍ਰੋਫੈਸਰ ਅਤੇ ਲਾਇਬ੍ਰੇਰੀਅਨ ਦੀ ਭਰਤੀ ਲਈ ਆਨ ਲਾਈਨ ਅਪਲਾਈ ਕਰਨ ਸਬੰਧੀ ਯੂਨੀਵਰਸਿਟੀ ਵੱਲੋਂ ਇਨਫਰਮੇਸ਼ਨ ਹੈਂਡਬੁੱਕ ਤਿਆਰ ਕਰਨ ਅਤੇ ਚੁਣੇ ਗਏ ਉਮੀਦਵਾਰਾਂ ਦੇ ਅਪਰੂਵਲ ਕੇਸਾਂ ਸਬੰਧੀ ਵੱਖ -ਵੱਖ ਨੁਕਤਿਆਂ ਬਾਰੇ।

ਉਪੋਰਕਤ ਵਿਸ਼ੇ ਸਬੰਧੀ ਵਾਈਸ-ਚਾਂਸਲਰ ਸਾਹਿਬ ਵੱਲੋਂ ਅਕਾਦਮਿਕ ਕੌਂਸਲ /ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ ਵਿੱਚ ਦਿੱਤੇ ਆਦੇਸ਼ਾਂ ਅਨੁਸਾਰ ਆਪ ਜੀ ਨੂੰ ਹੇਠ ਲਿਖੇ ਅਨੁਸਾਰ ਸੂਚਿਤ ਕੀਤਾ ਜਾਂਦਾ ਹੈ:-

1. ਸਬੰਧਤ ਕਾਲਜਾਂ ਦੇ ਅਸਿਸਟੈਂਟ ਪ੍ਰਫੈਸਰ, ਐਸੋਸੀਏਟ ਪ੍ਰੋਫੈਸਰ, ਪ੍ਰੋਫੈਸਰ ਅਤੇ ਲਾਇਬ੍ਰੇਰੀਅਨ ਦੀ ਭਰਤੀ ਸਬੰਧੀ ਵਾਈਸ-ਚਾਂਸਲਰ ਸਾਹਿਬ ਵੱਲੋਂ ਗਠਿਤ ਕਮੇਟੀ ਰਾਹੀਂ ਯੂਨੀਵਰਸਿਟੀ ਵੱਲੋਂ ਇਨਫਰਮੇਸ਼ਨ ਹੈਂਡਬੁੱਕ ਤਿਆਰ ਕੀਤੀ ਗਈ ਹੈ, ਜਿਸ ਅਨੁਸਾਰ ਉਕਤ ਅਮਲੇ ਦੀ ਅਸਾਮੀ ਲਈ ਅਪਲਾਈ ਕਰਨ ਦੀ ਪ੍ਰਕਿਰਿਆ ਨੂੰ ਜਲਦੀ ਹੀ ਆਨ-ਲਾਈਨ ਕੀਤਾ ਜਾ ਰਿਹਾ ਹੈ।

2. ਸਬੰਧਤ ਵੱਖ-ਵੱਖ ਸੈਲਫ ਫਾਇਨਾਂਸ ਅਤੇ ਸਰਕਾਰੀ ਸਹਾਇਤਾ ਪ੍ਰਾਪਤ ਕਾਲਜਾਂ ਵਿੱਚ ਪ੍ਰਿੰਸੀਪਲ/ਟੀਚਿੰਗ ਫੈਕਲਟੀ/ਲਾਇਬ੍ਰੇਰੀਅਨ ਅਮਲੇ ਦੀ ਅਸਾਮੀ ਲਈ ਯੂਨੀਵਰਸਿਟੀ ਦੀ ਚੋਣ ਕਮੇਟੀ ਦੁਆਰਾ ਕੀਤੀ ਗਈ ਚੋਣ ਦੀ ਪੁਸ਼ਟੀ ਕਰਨ ਲਈ ਅਪਰੂਵਲ ਪੱਤਰ ਜਾਰੀ ਕੀਤੇ ਜਾਂਦੇ ਹਨ।ਚੁਣੇ ਗਏ ਉਮੀਦਵਾਰਾਂ ਦੇ ਲੋੜੀਂਦੇ ਸਾਰੇ ਸਬੰਧਿਤ ਤਸਦੀਕਸ਼ੁਦਾ ਦਸਤਾਵੇਜ ਪ੍ਰਿੰਸੀਪਲ/ਚੇਅਰਮੈਨ ਰਾਹੀਂ ਪ੍ਰਾਪਤ ਹੋਣ ਉਪਰੰਤ ਅਪਰੂਵਲ ਪੱਤਰ ਡੀਨ, ਕਾਲਜ ਵਿਕਾਸ ਕੌਂਸਲ ਵੱਲੋਂ ਜਾਰੀ ਕੀਤਾ ਜਾਂਦਾ ਹੈ।ਰੈਗੂਲਰ ਪ੍ਰਿੰਸੀਪਲ ਤੋਂ ਇਲਾਵਾ ਲੋੜੀਂਦੇ ਟੀਚਿੰਗ ਸਟਾਫ ਦਾ 2/3 ਯੂਨੀਵਰਸਿਟੀ ਵੱਲੋਂ ਅਪਰੂਵਡ ਹੋਣਾ ਜਰੂਰੀ ਹੋਵੇਗਾ।

ਚੁਣੇ ਗਏ ਉਮੀਦਵਾਰ ਦੀ 2 ਮਹੀਨੇ ਦੀ ਹਾਜਰੀ ਉਪਰੰਤ 15 ਦਿਨਾਂ ਦੇ ਅੰਦਰ-ਅੰਦਰ ਹੇਠ ਦਰਸਾਈ ਚੈਕ ਲਿਸਟ ਅਨੁਸਾਰ ਲੋੜੀਂਦੇ ਸਾਰੇ ਤਸਦੀਕਸ਼ੁਦਾ ਦਸਤਾਵੇਜਾਂ ਸਮੇਤ ਅਪਰੂਵਲ ਲੈਣ ਸਬੰਧੀ ਯੂਨੀਵਰਸਿਟੀ ਵਿਖੇ ਭੇਜੇ ਜਾਣੇ ਲਾਜ਼ਮੀ ਹੋਣਗੇ।ਇਸ ਉਪਰੰਤ ਕਾਲਜ ਵੱਲੋਂ ਡੇਢ ਮਹੀਨੇ ਦੇ ਅੰਦਰ-ਅੰਦਰ ਸਾਰੀਆਂ ਤਰੁੱਟੀਆਂ/ਦਸਤਾਵੇਜਾਂ ਦੀ ਪੂਰਤੀ ਕਰਕੇ ਅਪਰੂਵਲ ਪ੍ਰਾਪਤ ਕਰਨੀ ਲਾਜ਼ਮੀ ਹੋਵੇਗੀ।

## Document Check-List

| ਕ੍ਰਮਾਂਕ | |
|---|---|
| 1 | ਅਧਿਆਪਕ ਦਾ ਨਾਮ<br>(ਕਾਲਜ ਦਾ ਨਾਮ ਪਤਾ ਅਤੇ ਫੋਨ ਨੰਬਰ) |
| 2 | ਪ੍ਰਿੰਸੀਪਲ, ਪ੍ਰੋਫੈਸਰ/ ਐਸੋਸੀਏਟ ਪ੍ਰੋਫੈਸਰ/ ਅਸਿਸਟੈਂਟ ਪ੍ਰੋਫੈਸਰ (ਵਿਸ਼ਾ ਸਹਿਤ) |
| 3 | ਵਿਗਿਆਪਨ<br>ਦੋ ਅਖ਼ਬਾਰਾਂ (ਪੰਜਾਬੀ ਅਤੇ ਅੰਗ੍ਰੇਜ਼ੀ) ਦਾ ਨਾਮ, ਮਿਤੀ ਸਹਿਤ (ਚੋਣ ਕਮੇਟੀ ਦੀ ਕਾਰਵਾਈ ਵਿਚ ਅੰਕਿਤ ਜਾਣਕਾਰੀ ਅਨੁਸਾਰ) |
| 4 | ਚੋਣ ਕਮੇਟੀ ਦੀ ਕਾਰਵਾਈ<br>(ਸਾਰੇ ਕਾਲਮ back-side certificate ਸਮੇਤ ਮੁਕੰਮਲ ਰੂਪ ਵਿਚ ਭਰੇ ਜਾਣ) |
| 5 | ਨਿਯੁਕਤੀ ਪੱਤਰ |
| 6 | ਹਾਜ਼ਰੀ ਰਿਪੋਰਟ |
| 7 | ਕਾਲਜ-ਅਧਿਆਪਕ ਐਗਰੀਮੈਂਟ<br>(ਦੋ ਗਵਾਹੀਆਂ ਮੁਕੰਮਲ ਪਤੇ ਸਹਿਤ ਫਸਟ ਕਲਾਸ ਮੈਜਿਸਟ੍ਰੇਟ/ਨੋਟਰੀ ਪਬਲਿਕ ਤੋਂ ਤਸਦੀਕਸ਼ੁਦਾ, ਘੱਟੋ-ਘੱਟ 50/- ਰੁਪਏ ਦੇ ਅਸ਼ਟਾਮ ਤੇ) |
| 8 | ਅਧਿਆਪਕ ਪ੍ਰਵਾਨਗੀ ਪ੍ਰੋਫਾਰਮਾ<br>(ਅਸਲ ਕਾਪੀ) |
| 9 | ਅਧਿਆਪਕ ਵਲੋਂ ਅੰਡਰਟੇਕਿੰਗ<br>(ਨੋਟਰੀ ਪਬਲਿਕ ਤੋਂ ਤਸਦੀਕਸੁਦਾ ਘੱਟੋ-ਘੱਟ 25/- ਰੁਪਏ ਦੇ ਅਸ਼ਟਾਮ ਤੇ) |
| 10 | ਹਾਜ਼ਰੀਆਂ (ਨਿਯੁਕਤੀ ਤੋਂ ਬਾਅਦ ਦੇ ਮਹੀਨੇ ਅਤੇ ਮੌਜੂਦਾ ਦੇ ਮਹੀਨੇ ਦੀਆਂ ਹਾਜ਼ਰੀਆਂ) |
| 11 | ਕੈਟਾਗਰੀ<br>GEN/SC/ST etc. |
| 12 | ਜਨਮ ਮਿਤੀ |
| 13 | ਦਸਵੀਂ ਪੱਧਰ ਦੀ ਪੰਜਾਬੀ ਪਾਸ |
| 14 | ਅੰਡਰ-ਗ੍ਰੈਜੂਏਟ ਵਿਦਿਅਕ ਯੋਗਤਾਵਾਂ -<br>ਬੀ.ਏ./ਬੀ.ਕਾਮ./ਬੀ.ਐਸ-ਸੀ./ਬੀ.ਕਾਮ.<br>ਆਦਿ (with percentage) |
| 15 | ਪੋਸਟ-ਗ੍ਰੈਜੂਏਟ ਵਿਦਿਅਕ ਯੋਗਤਾਵਾਂ -<br>ਐਮ.ਏ./ਐਮ.ਕਾਮ./ਐਮ.ਐਸ-ਸੀ. ਆਦਿਤ<br>(with percentage) |

Scanned with CamScanner